# *ਨਾਮ/ਸ਼ੋਸ਼ਲ ਸਕਿਊਰਟੀ ਨੰਬਰ ਦੇ ਮੇਲ਼ ਨਾ ਖਾਣ ਬਾਬਤ ਆਮ ਪੁੱਛੇ ਜਾਣ ਵਾਲੇ ਸਵਾਲ*

***1.*** ਮੈਨੂੰ ਸ਼ੋਸ਼ਲ ਸਕਿਊਰਟੀ ਐਡਮਿਨਿਸਟਰੇਸ਼ਨ **(SSA)** ਵੱਲੋਂ ਅਸੁਮੇਲ **(no-match)** ਪੱਤਰ ਕਿਉਂ ਪ੍ਰਾਪਤ ਹੋਇਆ**?**

SSA ਅਸੁਮੇਲ ਪੱਤਰ ਉਸ ਸਮੇਂ ਭੇਜੇ ਜਾਂਦੇ ਹਨ ਜਦੋਂ SSA ਨੂੰ ਕਿਸੇ ਕਰਮਚਾਰੀ ਬਾਬਤ ਕਿਸੇ ਰੁਜ਼ਗਾਰਦਾਤਾ ਵੱਲੋਂ ਦਿੱਤੀ ਜਾਂਦੀ ਜਾਣਕਾਰੀ ਅਤੇ SSA ਰਿਕਾਰਡਾਂ ਵਿਚਲੀ ਕਰਮਚਾਰੀ ਦੀ ਜਾਣਕਾਰੀ ਵਿਚਕਾਰ ਕੋਈ ਫਰਕ ਹੁੰਦਾ ਹੈ। SSA ਅਸੁਮੇਲਾਂ ਦੇ ਕੁਝ ਆਮ ਕਾਰਨ ਹਨ ਸ਼ਬਦਜੋੜ (ਸਪੈਲਿੰਗ) ਵਿੱਚ ਗਲਤੀਆਂ, ਨਾਮ ਵਿੱਚ ਤਬਦੀਲੀਆਂ, ਡੈਟਾ ਦਾਖਲ ਕਰਦੇ ਸਮੇਂ ਰੁਜ਼ਗਾਰਦਾਤਾ ਦੀਆਂ ਗਲਤੀਆਂ, ਜਾਂ ਸ਼ੋਸ਼ਲ ਸਕਿਊਰਟੀ ਨੰਬਰਾਂ ਦੀ ਦੁਰਵਰਤੋਂ। ਇਕੱਲਾ ਇੱਕ ਅਸੁਮੇਲ ਪੱਤਰ ਹੀ ਕਿਸੇ ਕਰਮਚਾਰੀ ਦੀ ਸੰਯੁਕਤ ਰਾਜ ਦੀ ਨਾਗਰਿਕਤਾ, ਆਵਾਸ ਦੇ ਦਰਜ਼ੇ ਜਾਂ ਸੰਯੁਕਤ ਰਾਜ ਵਿੱਚ ਕੰਮ ਕਰਨ ਦੀ ਯੋਗਤਾ ਦਾ ਬਿਆਨ ਨਹੀਂ ਹੈ।.

***2.*** ਮੈਨੂੰ **SSA** ਕੋਲੋਂ ਇੱਕ ਅਸੁਮੇਲ ਪੱਤਰ ਪ੍ਰਾਪਤ ਹੋਇਆ ਹੈ **–** ਮੈਂ ਕੀ ਕਰਾਂ?

ਜੇ ਤੁਹਾਨੂੰ ਕੰਮ ਕਰਨ ਦਾ ਅਖਤਿਆਰ ਪ੍ਰਾਪਤ ਹੈ ਅਤੇ ਤੁਹਾਨੂੰ SAA ਤੋਂ ਇੱਕ ਅਸੁਮੇਲ ਪੱਤਰ ਮਿਲਿਆ ਹੈ, ਤਾਂ ਤੁਹਾਨੂੰ ਪੱਤਰ ਵਿਚਲੀ ਆਪਣੀ ਜਾਣਕਾਰੀ ਦੀ ਤੁਲਨਾ ਸ਼ੋਸ਼ਲ ਸਕਿਊਰਟੀ ਕਾਰਡ 'ਤੇ ਲਿਖੀ ਜਾਣਕਾਰੀ ਨਾਲ ਕਰਨੀ ਚਾਹੀਦੀ ਹੈ।

- ਜੇ ਪੱਤਰ ਵਿਚਲੀ ਜਾਣਕਾਰੀ ਤੁਹਾਡੇ ਸ਼ੋਸ਼ਲ ਸਕਿਊਰਟੀ ਕਾਰਡ 'ਤੇ ਦਿੱਤੀ ਜਾਣਕਾਰੀ ਨਾਲ ਮੇਲ਼ **ਨਹੀਂ** ਖਾਂਦੀ, ਤਾਂ ਪੱਤਰ ਨਾਲ ਦਿੱਤੇ ਫਾਰਮ ਨੂੰ ਭਰੋ ਅਤੇ ਇਸਨੂੰ ਜਿੰਨੀ ਜਲਦੀ ਸੰਭਵ ਹੋਵੇ SSA ਨੂੰ ਡਾਕ ਰਾਹੀਂ ਭੇਜ ਦਿਓ।.
- ਜੇ ਪੱਤਰ ਵਿਚਲੀ ਸਾਰੀ ਜਾਣਕਾਰੀ ਸ਼ੋਸ਼ਲ ਸਕਿਊਰਟੀ ਕਾਰਡ 'ਤੇ ਦਿੱਤੀ ਜਾਣਕਾਰੀ ਨਾਲ ਮੇਲ਼ ਖਾਂਦੀ ਹੈ, ਤਾਂ ਜਿੰਨੀ ਜਲਦੀ ਹੋ ਸਕੇ ਇਹ ਦੇਖਣ ਲਈ ਆਪਣੇ ਸ਼ੋਸ਼ਲ ਸਕਿਊਰਟੀ ਦਫਤਰ ਕੋਲ ਜਾਓ ਕਿ ਅਸੁਮੇਲ ਕਿਉਂ ਵਾਪਰਿਆ।.

***3.*** ਕੀ ਸਾਰੇ ਅਸੁਮੇਲ ਪੱਤਰ **SSA** ਤੋਂ ਹੀ ਆਉਂਦੇ ਹਨ?

ਨਹੀਂ। ਅਸੁਮੇਲ ਪੱਤਰ ਹੋਰ ਸਰਕਾਰੀ ਅਦਾਰਿਆਂ ਜਾਂ ਨਿੱਜੀ ਕਾਰੋਬਾਰਾਂ ਤੋਂ ਵੀ ਆ ਸਕਦੇ ਹਨ, ਜਿਵੇਂ ਕਿ ਸੇਹਤ ਬੀਮਾ ਕੰਪਨੀਆਂ ਅਤੇ ਉਹ ਕੰਪਨੀਆਂ ਜੋ ਪਿਛੋਕੜ ਸਬੰਧੀ ਜਾਂਚਾਂ ਕਰਦੀਆਂ ਹਨ।.

***4.*** ਮੇਰੇ ਰੁਜ਼ਗਾਰਦਾਤਾ ਨੂੰ SSA ਤੋਂ ਇਲਾਵਾ ਕਿਸੇ ਹੋਰ ਸਰੋਤ ਤੋਂ ਅਸੁਮੇਲ ਪ੍ਰਾਪਤ ਹੋਇਆ ਹੈ – ਮੈਂ ਕੀ ਕਰਾਂ?

ਜੇ ਤੁਹਾਨੂੰ ਕੰਮ ਕਰਨ ਦਾ ਅਖਤਿਆਰ ਮਿਲਿਆ ਹੈ ਅਤੇ ਤੁਹਾਡੇ ਰੁਜ਼ਗਾਰਦਾਤਾ ਨੂੰ ਕਿਸੇ ਹੋਰ ਅਦਾਰੇ ਜਾਂ ਕੰਪਨੀ ਤੋਂ ਅਸੁਮੇਲ ਨੋਟਿਸ ਪ੍ਰਾਪਤ ਹੋਇਆ ਹੈ, ਜਿਵੇਂ ਕਿ ਕੋਈ ਸੇਹਤ ਬੀਮਾ ਕੰਪਨੀ, ਤਾਂ ਤੁਹਾਨੂੰ ਅਸੁਮੇਲ ਨੋਟਿਸ ਦੀ ਇੱਕ ਨਕਲ ਵਾਸਤੇ ਪੁੱਛਣਾ ਚਾਹੀਦਾ ਹੈ ਅਤੇ:

- ਇਹ ਦੇਖਣ ਲਈ ਅਦਾਰੇ/ਕੰਪਨੀ ਨਾਲ ਸੰਪਰਕ ਕਰੋ ਕਿ ਕੀ ਇਸਨੇ SSA ਨੂੰ ਤੁਹਾਡੀ ਸਹੀ ਜਾਣਕਾਰੀ ਦਿੱਤੀ ਸੀ।.
- ਜੇ ਅਦਾਰੇ/ਕੰਪਨੀ ਨੇ ਸਹੀ ਜਾਣਕਾਰੀ ਦਿੱਤੀ ਸੀ, ਤਾਂ ਇਹ ਦੇਖਣ ਲਈ ਆਪਣੇ ਸ਼ੋਸ਼ਲ ਸਕਿਊਰਟੀ ਦਫਤਰ ਜਾਓ ਕਿ ਅਸੁਮੇਲ ਕਿਉਂ ਵਾਪਰਿਆ।.

***5.*** ਜੇ ਮੈਨੂੰ ਅਸੁਮੇਲ ਪੱਤਰ ਪ੍ਰਾਪਤ ਹੁੰਦਾ ਹੈ ਤਾਂ ਮੇਰੇ ਕੋਲ ਕੀ ਅਧਿਕਾਰ ਹਨ?

ਕੇਵਲ ਅਸੁਮੇਲ ਜਾਣਕਾਰੀ ਦੇ ਆਧਾਰ 'ਤੇ ਹੀ ਤੁਹਾਡੇ ਰੁਜ਼ਗਾਰਦਾਤਾ ਨੂੰ ਤੁਹਾਡੇ ਖਿਲਾਫ ਕੋਈ ਕਾਰਵਾਈ ਨਹੀਂ ਕਰਨੀ ਚਾਹੀਦੀ (ਜਿਵੇਂ ਕਿ ਨੌਕਰੀ ਤੋਂ ਹਟਾਉਣਾ, ਤੁਹਾਨੂੰ ਮੁਅੱਤਲ ਕਰਨਾ ਜਾਂ ਪਦਵੀ ਘਟਾਉਣਾ, ਜਾਂ ਤੁਹਾਡੀ ਤਨਖਾਹ, ਕੰਮ ਦੇ ਘੰਟੇ ਜਾਂ ਸਿਖਲਾਈ ਨੂੰ ਰੋਕ ਲੈਣਾ)। ਤੁਹਾਡੇ ਰੁਜ਼ਗਾਰਦਾਤਾ ਨੂੰ ਹੋਰ ਵਧੇਰੇ ਦਸਤਾਵੇਜ਼ਾਂ ਦੀ ਮੰਗ ਵੀ ਨਹੀਂ ਕਰਨੀ ਚਾਹੀਦੀ, ਜਾਂ ਕਿਸੇ ਅਸੁਮੇਲ ਨੋਟਿਸ ਦੇ ਆਧਾਰ 'ਤੇ ਤੁਹਾਡੇ ਕੋਲੋਂ ਇੱਕ ਨਵਾਂ ਫਾਰਮ I-9 ਭਰਨਾ ਨਹੀਂ ਲੋੜਨਾ ਚਾਹੀਦਾ। ਜੇ ਤੁਹਾਡਾ ਰੁਜ਼ਗਾਰਦਾਤਾ ਇਹਨਾਂ ਵਿੱਚੋਂ ਕੋਈ ਵੀ ਚੀਜ਼ ਕਰਦਾ ਹੈ, ਤਾਂ ਤੁਹਾਨੂੰ ਸਾਡੇ ਦਫਤਰ ਨਾਲ ਟੌਲ-ਫ੍ਰੀ 1-800-255-7688 'ਤੇ ਸੰਪਰਕ ਕਰਨਾ ਚਾਹੀਦਾ ਹੈ।.

***6.*** ਮੇਰੇ ਅਸੁਮੇਲ ਬਾਰੇ ਜਾਣਕਾਰੀ ਦੇਣ ਤੋਂ ਇਲਾਵਾ, ਮੇਰੇ ਰੁਜ਼ਗਾਰਦਾਤਾ ਤੋਂ ਮੈਨੂੰ ਹੋਰ ਕਿਸ ਚੀਜ਼ ਦੀ ਉਮੀਦ ਕਰਨੀ ਚਾਹੀਦੀ ਹੈ**?**

ਜੇ ਤੁਸੀਂ ਕੰਮ ਕਰਨ ਲਈ ਅਖਤਿਆਰ ਪ੍ਰਾਪਤ ਹੋ ਪਰ ਤੁਹਾਡਾ ਕੋਈ ਅਸੁਮੇਲ ਦਾ ਮਸਲਾ ਹੈ, ਤਾਂ ਤੁਹਾਨੂੰ ਆਪਣੇ ਰੁਜ਼ਗਾਰਦਾਤਾ ਤੋਂ ਇਹ ਉਮੀਦ ਕਰਨੀ ਚਾਹੀਦੀ ਹੈ:

- ਅਸੁਮੇਲ ਮਸਲੇ ਨੂੰ ਹੱਲ ਕਰਨ ਲਈ ਸਮੇਂ ਦੀ ਵਾਜਬ ਮਿਆਦ।;
- ਅਸੁਮੇਲਾਂ ਦੇ ਸਬੰਧ ਵਿੱਚ ਸਮਾਨਤਾ ਦਾ ਵਿਵਹਾਰ, ਚਾਹੇ ਤੁਹਾਡੀ ਨਾਗਰਿਕਤਾ ਦਾ ਦਰਜ਼ਾ ਜਾਂ ਕੌਮੀ ਮੂਲ ਜੋ ਵੀ ਹੋਵੇ।;
- ਕੰਮ ਕਰਨਾ ਜਾਰੀ ਰੱਖਣ ਦੀ ਯੋਗਤਾ ਜਦ ਤੁਸੀਂ ਅਸੁਮੇਲ ਦੇ ਮਸਲੇ ਨੂੰ ਹੱਲ ਕਰਦੇ ਹੋ।;
- ਇਸ ਬਾਰੇ ਤੁਹਾਡੇ ਰੁਜ਼ਗਾਰਦਾਤਾ ਦੇ ਨਾਲ ਮਿਆਦੀ ਵਿਚਾਰ-ਵਟਾਂਦਰੇ ਕਿ ਕੀ ਤੁਸੀਂ ਅਸੁਮੇਲ ਮਸਲੇ ਨੂੰ ਹੱਲ ਕਰ ਲਿਆ ਹੈ।.

***7.*** ਅਸੁਮੇਲਾਂ ਬਾਰੇ ਵਧੇਰੇ ਜਾਣਕਾਰੀ ਮੈਂ ਕਿੱਥੋਂ ਪ੍ਰਾਪਤ ਕਰ ਸਕਦਾ/ਦੀ ਹਾਂ**?**

**ਸ਼ੋਸ਼ਲ ਸਕਿਊਰਟੀ ਐਡਮਿਨਿਸਟਰੇਸ਼ਨ ਵੱਲੋਂ SSA ਅਸੁਮੇਲ ਪੱਤਰਾਂ ਬਾਰੇ ਆਮ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ http://ssa-custhelp.ssa.gov/app/answers/detail/a_id/1127 ਅਤੇ http://ssa-custhelp.ssa.gov/app/answers/detail/ a_id/2199/kw/2199 'ਤੇ ਦਿੱਤੇ ਗਏ ਹਨ।**

ਸਵਾਲਾਂ ਵਾਸਤੇ ਜਾਂ ਅਸੁਮੇਲ ਪੱਤਰਾਂ ਜਾਂ ਇਹੋ ਜਿਹੇ ਹੋਰ ਨੋਟਿਸਾਂ ਦਾ ਜਵਾਬ ਦੇਣ ਬਾਰੇ ਮਦਦ ਵਾਸਤੇ, ਸਾਡੇ ਦਫਤਰ ਨੂੰ ਟੌਲ-ਫ੍ਰੀ 1-800-255-7688 'ਤੇ ਕਾਲ ਕਰੋ ਜਾਂ ਫਿਰ ਦੇਖੋ **http://www.justice.gov/crt/about/osc/pdf/publications/SSA/FAQs.pdf.**

**ਆਵਾਸ ਸਬੰਧਿਤ ਅਣਉਚਿਤ ਰੁਜ਼ਗਾਰ ਪ੍ਰਥਾਵਾਂ ਵਾਸਤੇ ਵਿਸ਼ੇਸ਼ ਕੌਂਸਲ ਦਾ ਦਫਤਰ**

**ਟੌਲ-ਫ੍ਰੀ ਵਰਕਰ ਹੌਟਲਾਈਨ: 1-800-255-7688 (ਸੋਮਵਾਰ-ਸ਼ੁੱਕਰਵਾਰ, ਸਵੇਰੇ 9 ਤੋਂ ਸ਼ਾਮ 5 ਵਜੇ ET) ਦੁਭਾਸ਼ੀਏ ਉਪਲਬਧ ਹਨ http://www.justice.gov/crt/about/osc/**

# ਨਾਮ ਅਤੇ ਸ਼ੋਸ਼ਲ ਸਕਿਊਰਟੀ ਨੰਬਰ (SSN) ਕਰਮਚਾਰੀਆਂ ਵਾਸਤੇ “ਅਸੁਮੇਲਾਂ” ਬਾਬਤ ਜਾਣਕਾਰੀ

## ਤੁਹਾਨੂੰ ਕੀ ਜਾਣਨਾ ਚਾਹੀਦਾ ਹੈ:

- ਨਾਮ/ਸ਼ੋਸ਼ਲ ਸਕਿਊਰਟੀ ਨੰਬਰ (SSN) ਅਸੁਮੇਲ ਸ਼ੋਸ਼ਲ ਸਕਿਊਰਟੀ ਐਡਮਿਨਿਸਟਰੇਸ਼ਨ (SSA), ਹੋਰ ਸਰਕਾਰੀ ਅਦਾਰਿਆਂ ਜਾਂ ਨਿੱਜੀ ਕੰਪਨੀਆਂ ਕੋਲੋਂ ਆ ਸਕਦੇ ਹਨ।
- ਜੇ ਤੁਹਾਨੂੰ ਜਾਂ ਤੁਹਾਡੇ ਰੁਜ਼ਗਾਰਦਾਤਾ ਨੂੰ SSA ਕੋਲੋਂ ਕੋਈ ਅਸੁਮੇਲ ਪੱਤਰ ਪ੍ਰਾਪਤ ਹੁੰਦਾ ਹੈ, ਤਾਂ ਪੱਤਰ ਉੱਪਰ ਇਸ ਬਾਰੇ ਹਦਾਇਤਾਂ ਹੋਣਗੀਆਂ ਕਿ ਕੀ ਕਰਨਾ ਹੈ।
- ਜੇ ਤੁਹਾਨੂੰ ਜਾਂ ਤੁਹਾਡੇ ਰੁਜ਼ਗਾਰਦਾਤਾ ਨੂੰ ਹੋਰ ਸਰਕਾਰੀ ਅਦਾਰਿਆਂ ਜਾਂ ਨਿੱਜੀ ਕੰਪਨੀਆਂ ਕੋਲੋਂ ਕੋਈ ਅਸੁਮੇਲ ਨੋਟਿਸ ਪ੍ਰਾਪਤ ਹੁੰਦਾ ਹੈ, ਤਾਂ ਤੁਹਾਨੂੰ ਉਸ ਜਾਣਕਾਰੀ ਦੀ ਜਾਂਚ ਕਰਨੀ ਚਾਹੀਦੀ ਹੈ ਜੋ ਅਦਾਰੇ ਜਾਂ ਕੰਪਨੀ ਨੇ SSA ਨੂੰ ਦਿੱਤੀ ਸੀ। ਜੇ ਜਾਣਕਾਰੀ ਸਹੀ ਹੈ, ਤਾਂ ਇਹ ਦੇਖਣ ਲਈ SSA ਨਾਲ ਸੰਪਰਕ ਕਰੋ ਕਿ ਅਸੁਮੇਲ ਕਿਉਂ ਵਾਪਰਿਆ।
- ਨਾਮ/SSN ਦੇ ਅਸੁਮੇਲ ਗਲਤ ਜਾਂ ਮਿਆਦ ਪੁੱਗ ਚੁੱਕੀ ਜਾਣਕਾਰੀ ਕਰਕੇ ਹੋ ਸਕਦੇ ਹਨ।.
- ਤੁਹਾਡੇ ਸੰਯੁਕਤ ਰਾਜ ਦੇ ਨਾਗਰਿਕ ਬਣ ਜਾਣ ਦੇ ਬਾਅਦ ਜਾਂ ਵਿਆਹ, ਤਲਾਕ, ਜਾਂ ਕਿਸੇ ਹੋਰ ਕਾਰਨ ਕਰਕੇ ਨਾਮ ਬਦਲੀ ਦੇ ਬਾਅਦ ਜਿੰਨੀ ਜਲਦੀ ਸੰਭਵ ਹੋਵੇ SSA ਕੋਲ ਆਪਣੇ ਰਿਕਾਰਡ ਨੂੰ ਨਵੀਨਤਮ ਕਰਨਾ ਤੁਹਾਡੀ ਜਿੰਮੇਵਾਰੀ ਹੈ।
- ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਕੋਲੋਂ ਪੁੱਛ ਸਕਦਾ ਹੈ ਕਿ ਕਿਸੇ ਅਸੁਮੇਲ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰਨ ਲਈ ਤੁਸੀਂ ਕੀ ਕੀਤਾ ਹੈ।.

## ਤੁਹਾਨੂੰ ਆਪਣੇ ਰੁਜ਼ਗਾਰਦਾਤਾ ਨੂੰ ਨਿਮਨਲਿਖਤ ਬਾਰੇ ਪੁੱਛਣਾ ਚਾਹੀਦਾ ਹੈ:

- ਅਸੁਮੇਲ ਦਾ ਵਰਣਨ ਕਰਦੀ ਲਿਖਤੀ ਜਾਣਕਾਰੀ ਵਾਸਤੇ।;
- ਇਹ ਪੜਤਾਲ ਕਰਨਾ ਕਿ ਤੁਹਾਡੇ ਰੁਜ਼ਗਾਰਦਾਤਾ ਕੋਲ ਆਪਣੇ ਰਿਕਾਰਡਾਂ ਵਿੱਚ ਤੁਹਾਡਾ ਸਹੀ ਨਾਮ ਅਤੇ SSN ਹੋਵੇ।;
- ਤੁਹਾਡੇ ਅਸੁਮੇਲ ਨੂੰ ਠੀਕ ਕਰਨ ਦੌਰਾਨ ਕੰਮ ਕਰਨਾ ਜਾਰੀ ਰੱਖਣਾ।;
- ਦਸਤਾਵੇਜ਼ ਇਕੱਠੇ ਕਰਨ ਅਤੇ ਤੁਹਾਡੇ ਅਸੁਮੇਲ ਨੂੰ ਠੀਕ ਕਰਨ ਲਈ ਲੋੜੀਂਦੇ ਸਮੇਂ ਵਾਸਤੇ।;
- ਤੁਹਾਡੇ ਅਸੁਮੇਲ ਨੂੰ ਹੱਲ ਕਰਦੇ ਸਮੇਂ, ਹੋਰਨਾਂ ਕਰਮਚਾਰੀਆਂ ਵਰਗਾ ਵਿਵਹਾਰ ਕੀਤੇ ਜਾਣ ਲਈ, ਚਾਹੇ ਤੁਹਾਡੀ ਨਾਗਰਿਕਤਾ ਦਾ ਦਰਜ਼ਾ ਜਾਂ ਕੌਮੀ ਮੂਲ ਜੋ ਵੀ ਹੋਵੇ।.

## ਤੁਹਾਨੂੰ OSC ਦੀ ਹੌਟਲਾਈਨ ਨੂੰ 1-800-255-7688 ’ਤੇ ਕਾਲ ਕਰਨਾ ਚਾਹੀਦਾ ਹੈ ਜੇਕਰ ਤੁਹਾਡਾ ਰੁਜ਼ਗਾਰਦਾਤਾ:

- ਅਸੁਮੇਲ ਨੂੰ ਠੀਕ ਕਰਨ ਲਈ ਤੁਹਾਨੂੰ ਵਾਜਬ ਸਮਾਂ-ਮਿਆਦ ਦੇਣ ਤੋਂ ਪਹਿਲਾਂ ਹੀ, ਅਸੁਮੇਲ ਨੋਟਿਸ ਦੇ ਆਧਾਰ ’ਤੇ ਤੁਹਾਨੂੰ ਇੱਕ ਨਵਾਂ ਫਾਰਮ I-9 ਭਰਨ ਲਈ ਕਹਿੰਦਾ ਹੈ।;
- ਕੇਵਲ ਅਸੁਮੇਲ ਦੇ ਆਧਾਰ ’ਤੇ ਤੁਹਾਨੂੰ ਕੰਮ ਨਹੀਂ ਕਰਨ ਦਿੰਦਾ ਜਾਂ ਤੁਹਾਡੀ ਤਨਖਾਹ/ਘੰਟਿਆਂ ਵਿੱਚ ਕਟੌਤੀ ਕਰ ਦਿੰਦਾ ਹੈ।;
- ਅਸੁਮੇਲ ਨੂੰ ਠੀਕ ਕਰਨ ਲਈ ਤੁਹਾਨੂੰ ਵਾਜਬ ਸਮਾਂ ਨਹੀਂ ਦਿੰਦਾ।;
- ਕਰਮਚਾਰੀਆਂ ਦੇ ਕੌਮੀ ਮੂਲ ਜਾਂ ਨਾਗਰਿਕਤਾ ਦੇ ਦਰਜ਼ੇ ਦੇ ਆਧਾਰ ’ਤੇ, ਉਹਨਾਂ ਲਈ ਵੱਖੋ-ਵੱਖਰੀਆਂ ਅਸੁਮੇਲ ਪ੍ਰਕਿਰਿਆਵਾਂ ਦੀ ਪਾਲਣਾ ਕਰਦਾ ਹੈ।;
- ਅਸੁਮੇਲ ਦੇ ਕਰਕੇ ਤੁਹਾਥੋਂ ਇੱਕ SSA ਜਾਂ ਕੋਈ ਹੋਰ ਸਰਕਾਰੀ ਦਸਤਾਵੇਜ਼ ਪੇਸ਼ ਕਰਨਾ ਲੋੜਦਾ ਹੈ।.

**ਆਵਾਸ ਸਬੰਧਿਤ ਅਣਉਚਿਤ ਰੁਜ਼ਗਾਰ ਪ੍ਰਥਾਵਾਂ ਵਾਸਤੇ ਵਿਸ਼ੇਸ਼ ਕੌਂਸਲ ਦਾ ਦਫਤਰ**

**ਟੋਲ-ਫ੍ਰੀ ਵਰਕਰ ਹੌਟਲਾਈਨ: 1-800-255-7688 (ਸੋਮਵਾਰ-ਸ਼ੁੱਕਰਵਾਰ, ਸਵੇਰੇ 9 ਤੋਂ ਸ਼ਾਮ 5 ਵਜੇ ET) ਦੁਭਾਸ਼ੀਏ ਉਪਲਬਧ ਹਨ http://www.justice.gov/crt/about/osc/**